**ਪੰਜਾਬ ਵਿਧਾਨ ਸਭਾ**

**2022 ਦਾ ਬਿਲ ਨੰ. 8-ਪੀ.ਐਲ.ਏ.**

**ਪੰਜਾਬ ਵਿੱਤੀ ਜਿੰਮੇਵਾਰੀ ਅਤੇ ਬਜਟ ਪ੍ਰਬੰਧ (ਸੋਧ) ਬਿਲ, 2022**

ਪੰਜਾਬ ਵਿੱਤੀ ਜਿੰਮੇਵਾਰੀ ਅਤੇ ਬਜਟ ਪ੍ਰਬੰਧ ਐਕਟ, 2003 ਵਿੱਚ ਹੋਰ ਸੋਧ ਕਰਨ ਲਈ।

ਬਿਲ

ਇਹ ਕਾਨੂੰਨ ਭਾਰਤ ਗਣਰਾਜ ਦੇ 73ਵੇਂ ਵਰ੍ਹੇ ਵਿੱਚ ਪੰਜਾਬ ਰਾਜ ਦੇ ਵਿਧਾਨ ਮੰਡਲ ਦੁਆਰਾ ਬਣਾਇਆ ਜਾਵੇ।

ਸੰਖੇਪ ਸਿਰਲੇਖ ਅਤੇ ਆਰੰਭ।

1. (1) ਇਸ ਐਕਟ ਨੂੰ ਪੰਜਾਬ ਵਿੱਤੀ ਜਿੰਮੇਵਾਰੀ ਅਤੇ ਬਜਟ ਪ੍ਰਬੰਧ (ਸੋਧ) ਐਕਟ, 2022 ਕਿਹਾ ਜਾ ਸਕਦਾ ਹੈ।

(2) ਇਹ ਸਰਕਾਰੀ ਗਜ਼ਟ ਵਿੱਚ ਛਪਣ ਦੀ ਮਿਤੀ ਨੂੰ ਅਤੇ ਉਸ ਮਿਤੀ ਤੋਂ ਪ੍ਰਭਾਵੀ ਹੋਵੇਗਾ।

ਸਾਲ 2003 ਦੇ ਪੰਜਾਬ ਐਕਟ ਨੰ. 11 ਦੀ ਧਾਰਾ 4 ਵਿੱਚ ਸੋਧ ਕਰਨਾ।

2. ਪੰਜਾਬ ਵਿੱਤੀ ਜਿੰਮੇਵਾਰੀ ਅਤੇ ਬਜਟ ਪ੍ਰਬੰਧ ਐਕਟ, 2003 ਵਿੱਚ ਧਾਰਾ 4 ਵਿੱਚ ਉਪ ਧਾਰਾ (2) ਵਿੱਚ, ਕਲਾਜ਼ (ੳ) ਦੀ ਥਾਂ ਤੇ, ਨਿਮਨ ਲਿਖਤ ਕਲਾਜ਼ ਦਰਜ਼ ਕੀਤੀ ਜਾਵੇਗੀ, ਅਰਥਾਤ:-

"(ੳ) ਵਿੱਤੀ ਸਾਲ 2022-23 ਵਿੱਚ ਵਿੱਤੀ ਘਾਟਾ ਕੁੱਲ ਰਾਜ ਘਰੇਲੂ ਉਤਪਾਦ ਦਾ 3.5 ਪ੍ਰਤੀਸ਼ਤ (ਸਾਢੇ ਤਿੰਨ ਪ੍ਰਤੀਸ਼ਤ); ਅਤੇ ਇਸ ਤੋਂ ਇਲਾਵਾ ਵਾਧੂ ਸਾਲ 2022-23 ਦੌਰਾਨ ਨੈਸ਼ਨਲ ਪੈਨਸ਼ਨ ਸਿਸਟਮ (NPS) ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਡੈਜ਼ੀਗਨੇਟਿਡ ਅਥਾਰਟੀ ਭਾਵ 'ਨੈਸ਼ਨਲ ਸਕਿਓਰਿਟੀਜ਼ ਡਿਪਾਜ਼ਟਰੀ ਲਿਮਿਟੇਡ (NSDL)/ਟਰੱਸਟੀ ਬੈਂਕ ਕੋਲ ਅਸਲ ਵਿੱਚ ਜਮਾਂ ਕਰਵਾਏ ਗਏ ਆਪਣੇ ਕਰਮਚਾਰੀਆਂ ਦੇ ਯੋਗਦਾਨ ਦੇ ਮਾਲਕ ਅਤੇ ਕਰਮਚਾਰੀ ਦੇ ਹਿੱਸੇ ਦੀ ਰਕਮ ਦੇ ਬਰਾਬਰ; ਅਤੇ ਇਸ ਤੋਂ ਇਲਾਵਾ ਵਾਧੂ ਪਿਛਲੇ ਸਾਲਾਂ ਦੌਰਾਨ ਪ੍ਰਵਾਨਤ ਬੌਰੋਇੰਗ ਸੀਲਿੰਗ ਵਿੱਚੋਂ ਕੈਰੀ ਫਾਰਵਰਡ ਕੀਤੀ ਗਈ ਅਣਵਰਤੀ ਬੌਰੋਇੰਗ ਦੀ ਰਕਮ ਦੇ ਬਰਾਬਰ; ਅਤੇ "ਸਕੀਮ ਫਾਰ ਸਪੈਸ਼ਲ ਅਸਿਸਟੈਂਸ ਟੂ ਸਟੇਟਸ ਫਾਰ ਕੈਪੀਟਲ ਇਨਵੈਸਟਮੈਂਟ ਫਾਰ 2022-23" ਤਹਿਤ ਭਾਰਤ ਸਰਕਾਰ ਤੋਂ ਲਏ ਜਾਣ ਵਾਲੇ ਵਿਆਜ ਮੁਕਤ ਕਰਜ਼ੇ ਦੀ ਰਕਮ ਦੇ ਬਰਾਬਰ ਰੱਖਿਆ ਜਾਵੇਗਾ ਅਤੇ ਉਸ ਤੋਂ ਬਾਅਦ ਇਸ ਨੂੰ 3.0 ਪ੍ਰਤੀਸ਼ਤ (ਤਿੰਨ ਪ੍ਰਤੀਸ਼ਤ) ਜਾਂ ਜਿੰਨਾ ਵੀ ਭਾਰਤ ਸਰਕਾਰ ਵੱਲੋਂ ਸਮੇਂ-ਸਮੇਂ ਤੇ ਪ੍ਰਵਾਨ ਕੀਤਾ ਜਾਵੇ, ਤੇ ਬਰਕਰਾਰ ਰੱਖਿਆ ਜਾਵੇਗਾ;"।

## ਉਦੇਸ਼ਾਂ ਅਤੇ ਕਾਰਨਾਂ ਦਾ ਵਿਵਰਣ

15ਵੇਂ ਵਿੱਤ ਕਮਿਸ਼ਨ ਦੀਆਂ ਸਿਫਾਰਸ਼ਾਂ ਦੇ ਅਧਾਰ ਤੇ ਭਾਰਤ ਸਰਕਾਰ ਵੱਲੋਂ ਸਮੂਹ ਰਾਜਾਂ ਦੀ ਨਾਰਮਲ ਨੈਟ ਬੌਰੋਇੰਗ ਸੀਲਿੰਗ, ਜੋ ਕਿ ਵਿੱਤੀ ਸਾਲ 2021-22 ਲਈ ਕੁੱਲ ਰਾਜ ਘਰੇਲੂ ਉਤਪਾਦ ਦਾ 4.0 ਪ੍ਰਤੀਸ਼ਤ (ਚਾਰ ਪ੍ਰਤੀਸ਼ਤ) ਸੀ, ਨੂੰ ਵਿੱਤੀ ਸਾਲ 2022-23 ਲਈ ਕੁੱਲ ਰਾਜ ਘਰੇਲੂ ਉਤਪਾਦ (ਜੀ.ਐਸ.ਡੀ.ਪੀ.) ਦਾ 3.5 ਪ੍ਰਤੀਸ਼ਤ (ਸਾਢੇ ਤਿੰਨ ਪ੍ਰਤੀਸ਼ਤ) ਫਿਕਸ ਕਰਨ ਦਾ ਫੈਸਲਾ ਕੀਤਾ ਗਿਆ ਹੈ। ਰਾਜ ਨੂੰ ਨੈਸ਼ਨਲ ਪੈਨਸ਼ਨ ਸਿਸਟਮ (NPS) ਅਧੀਨ ਕੀਤੇ ਯੋਗਦਾਨ ਦੇ ਅਧਾਰ ਤੇ ਵਾਧੂ ਬੌਰੋਇੰਗ ਸੀਲਿੰਗ ਵੀ ਪ੍ਰਵਾਨ ਕੀਤੀ ਜਾਵੇਗੀ।

2. 3.5 ਪ੍ਰਤੀਸ਼ਤ (ਸਾਢੇ ਤਿੰਨ ਪ੍ਰਤੀਸ਼ਤ) ਨਾਰਮਲ ਨੈਟ ਬੌਰੋਇੰਗ ਸੀਲਿੰਗ ਤੋਂ ਇਲਾਵਾ ਰਾਜ ਨੂੰ ਆਪਣੀ ਪਿਛਲੇ ਸਾਲਾਂ ਦੌਰਾਨ ਪ੍ਰਵਾਨਤ ਬੌਰੋਇੰਗ ਸੀਲਿੰਗ ਵਿੱਚੋਂ ਅਣਵਰਤੀ ਬੌਰੋਇੰਗ ਨੂੰ ਅਵੇਲ ਕਰਨ ਦੀ ਪ੍ਰਵਾਨਗੀ ਵੀ ਦਿੱਤੀ ਗਈ ਹੈ ਅਤੇ "ਸਕੀਮ ਫਾਰ ਸਪੈਸ਼ਲ ਅਸਿਸਟੈਂਸ ਟੂ ਸਟੇਟਸ ਫਾਰ ਕੈਪੀਟਲ ਇਨਵੈਸਟਮੈਂਟ ਫਾਰ 2022-23" ਤਹਿਤ ਭਾਰਤ ਸਰਕਾਰ ਤੋਂ ਪੰਜਾਹ ਸਾਲ ਦਾ ਵਿਆਜ ਮੁਕਤ ਕਰਜ਼ਾ ਵੀ ਪ੍ਰਾਪਤ ਕੀਤਾ ਜਾ ਸਕਦਾ ਹੈ।

3. ਰਾਜ ਸਰਕਾਰ ਵੱਲੋਂ ਕੇਂਦਰ ਸਰਕਾਰ ਦੇ ਇਸ ਫੈਸਲੇ ਨੂੰ ਮੰਜ਼ੂਰ ਕੀਤਾ ਗਿਆ ਹੈ ਕਿ ਵਿੱਤੀ ਸਾਲ 2022-23 ਵਿੱਚ ਵਿੱਤੀ ਘਾਟਾ ਕੁੱਲ ਰਾਜ ਘਰੇਲੂ ਉਤਪਾਦ ਦਾ 3.5 ਪ੍ਰਤੀਸ਼ਤ (ਸਾਢੇ ਤਿੰਨ ਪ੍ਰਤੀਸ਼ਤ); ਅਤੇ ਸਾਲ 2022-23 ਦੌਰਾਨ ਨੈਸ਼ਨਲ ਪੈਨਸ਼ਨ ਸਿਸਟਮ (NPS) ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਡੈਜ਼ੀਗਨੇਟਿਡ ਅਥਾਰਟੀ ਭਾਵ 'ਨੈਸ਼ਨਲ ਸਕਿਓਰਿਟੀਜ਼ ਡਿਪਾਜ਼ਟਰੀ ਲਿਮਿਟੇਡ (NSDL)/ਟਰੱਸਟੀ ਬੈਂਕ ਕੋਲ ਅਸਲ ਵਿੱਚ ਜਮਾਂ ਕਰਵਾਏ ਗਏ ਆਪਣੇ ਕਰਮਚਾਰੀਆਂ ਦੇ ਯੋਗਦਾਨ ਦੇ ਮਾਲਕ ਅਤੇ ਕਰਮਚਾਰੀ ਦੇ ਹਿੱਸੇ ਦੀ ਰਕਮ; ਅਤੇ ਪਿਛਲੇ ਸਾਲਾਂ ਦੌਰਾਨ ਪ੍ਰਵਾਨਤ ਬੌਰੋਇੰਗ ਸੀਲਿੰਗ ਵਿੱਚੋਂ ਕੈਰੀ ਫਾਰਵਰਡ ਕੀਤੀ ਗਈ ਅਣਵਰਤੀ ਬੌਰੋਇੰਗ ਦੀ ਰਕਮ; ਅਤੇ "ਸਕੀਮ ਫਾਰ ਸਪੈਸ਼ਲ ਅਸਿਸਟੈਂਸ ਟੂ ਸਟੇਟਸ ਫਾਰ ਕੈਪੀਟਲ ਇਨਵੈਸਟਮੈਂਟ ਫਾਰ 2022-23" ਤਹਿਤ ਭਾਰਤ ਸਰਕਾਰ ਤੋਂ ਲਏ ਜਾਣ ਵਾਲੇ ਵਿਆਜ ਮੁਕਤ ਕਰਜ਼ੇ ਦੀ ਰਕਮ ਦੇ ਬਰਾਬਰ ਰੱਖਿਆ ਜਾਵੇਗਾ ਅਤੇ ਉਸ ਤੋਂ ਬਾਅਦ ਇਸ ਨੂੰ 3.0 ਪ੍ਰਤੀਸ਼ਤ (ਤਿੰਨ ਪ੍ਰਤੀਸ਼ਤ) ਜਾਂ ਜਿੰਨਾ ਵੀ ਭਾਰਤ ਸਰਕਾਰ ਵੱਲੋਂ ਸਮੇਂ-ਸਮੇਂ ਤੇ ਪ੍ਰਵਾਨ ਕੀਤਾ ਜਾਵੇ, ਤੇ ਬਰਕਰਾਰ ਰੱਖਿਆ ਜਾਵੇਗਾ।

4. ਇਸ ਲਈ ਰਾਜ ਨੂੰ ਆਪਣੇ ਵਿੱਤੀ ਜ਼ਿੰਮੇਵਾਰੀ ਅਤੇ ਬਜਟ ਮੈਨੇਜਮੈਂਟ ਐਕਟ 2003 ਵਿੱਚ ਉਪਰੋਕਤ ਅਨੁਸਾਰ ਸੰਸ਼ੋਧਨ ਕਰਨਾ ਲੋੜੀਂਦਾ ਹੈ।

(ਹਰਪਾਲ ਸਿੰਘ ਚੀਮਾ)
ਵਿੱਤ ਮੰਤਰੀ, ਪੰਜਾਬ

## ਵਿੱਤੀ ਮੈਮੋਰੰਡਮ

15ਵੇਂ ਵਿੱਤ ਕਮਿਸ਼ਨ ਦੀਆਂ ਸਿਫਾਰਸ਼ਾਂ ਦੇ ਅਧਾਰ ਤੇ ਭਾਰਤ ਸਰਕਾਰ ਵੱਲੋਂ ਸਮੂਹ ਰਾਜਾਂ ਦੀ ਨਾਰਮਲ ਨੈਟ ਬੌਰੋਇੰਗ ਸੀਲਿੰਗ, ਜੋ ਕਿ ਵਿੱਤੀ ਸਾਲ 2021-22 ਲਈ ਕੁੱਲ ਰਾਜ ਘਰੇਲੂ ਉਤਪਾਦ ਦਾ 4.0 ਪ੍ਰਤੀਸ਼ਤ (ਚਾਰ ਪ੍ਰਤੀਸ਼ਤ) ਸੀ, ਨੂੰ ਵਿੱਤੀ ਸਾਲ 2022-23 ਲਈ ਕੁੱਲ ਰਾਜ ਘਰੇਲੂ ਉਤਪਾਦ (ਜੀ.ਐਸ.ਡੀ.ਪੀ.) ਦਾ 3.5 ਪ੍ਰਤੀਸ਼ਤ (ਸਾਢੇ ਤਿੰਨ ਪ੍ਰਤੀਸ਼ਤ) ਫਿਕਸ ਕਰਨ ਦਾ ਫੈਸਲਾ ਕੀਤਾ ਗਿਆ ਹੈ।

2. ਰਾਜ ਨੂੰ ਨੈਸ਼ਨਲ ਪੈਨਸ਼ਨ ਸਿਸਟਮ (NPS) ਅਧੀਨ ਕੀਤੇ ਯੋਗਦਾਨ ਦੇ ਅਧਾਰ ਤੇ ਵਾਧੂ ਬੌਰੋਇੰਗ ਸੀਲਿੰਗ ਵੀ ਪ੍ਰਵਾਨ ਕੀਤੀ ਜਾਵੇਗੀ। ਇਸ ਤੋਂ ਇਲਾਵਾ 3.5 ਪ੍ਰਤੀਸ਼ਤ (ਸਾਢੇ ਤਿੰਨ ਪ੍ਰਤੀਸ਼ਤ) ਨਾਰਮਲ ਨੈਟ ਬੌਰੋਇੰਗ ਸੀਲਿੰਗ ਤੋਂ ਉੱਪਰ ਰਾਜ ਨੂੰ ਆਪਣੀ ਪਿਛਲੇ ਸਾਲਾਂ ਦੌਰਾਨ ਪ੍ਰਵਾਨਤ ਬੌਰੋਇੰਗ ਸੀਲਿੰਗ ਵਿੱਚੋਂ ਅਣਵਰਤੀ ਬੌਰੋਇੰਗ ਨੂੰ ਅਵੇਲ ਕਰਨ ਦੀ ਪ੍ਰਵਾਨਗੀ ਵੀ ਦਿੱਤੀ ਗਈ ਹੈ ਅਤੇ "ਸਕੀਮ ਫਾਰ ਸਪੈਸ਼ਲ ਅਸਿਸਟੈਂਸ ਟੂ ਸਟੇਟਸ ਫਾਰ ਕੈਪੀਟਲ ਇਨਵੈਸਟਮੈਂਟ ਫਾਰ 2022-23" ਤਹਿਤ ਭਾਰਤ ਸਰਕਾਰ ਤੋਂ ਪੰਜਾਹ ਸਾਲ ਦਾ ਵਿਆਜ ਮੁਕਤ ਕਰਜ਼ਾ ਵੀ ਪ੍ਰਾਪਤ ਕੀਤਾ ਜਾ ਸਕਦਾ ਹੈ।

3. ਪੰਜਾਬ ਵਿੱਤੀ ਜ਼ਿੰਮੇਵਾਰੀ ਅਤੇ ਬਜਟ ਪ੍ਰਬੰਧ ਐਕਟ, 2003 ਦੇ ਸੈਕਸ਼ਨ 4 ਦੇ ਸਬ ਸੈਕਸ਼ਨ (2) ਦੀ ਕਲਾਜ (ੲ) ਵਿੱਚ ਤਜਵੀਜ਼ਤ ਸੋਧ ਦੇ ਸਿੱਟੇ ਵਜੋਂ ਵਿੱਤੀ ਸਾਲ 2022-2023 ਦੌਰਾਨ ਪੰਜਾਬ ਰਾਜ ਨੂੰ 22,044 ਕਰੋੜ ਰੁਪਏ ਦੀ ਨਾਰਮਲ ਨੈਟ ਬੌਰੋਇੰਗ ਸੀਲਿੰਗ ਅਤੇ 2,742.85 ਕਰੋੜ ਰੁਪਏ ਦੀ ਵਾਧੂ ਬੌਰੋਇੰਗ ਸੀਲਿੰਗ ਤੋਂ ਇਲਾਵਾ ਪਿਛਲੇ ਸਾਲਾਂ ਦੌਰਾਨ ਪ੍ਰਵਾਨਤ ਬੌਰੋਇੰਗ ਸੀਲਿੰਗ ਵਿੱਚੋਂ ਅਣਵਰਤੀ ਬੌਰੋਇੰਗ ਨੂੰ ਅਵੇਲ ਕਰਨ ਦੀ ਪ੍ਰਵਾਨਗੀ ਅਤੇ "ਸਕੀਮ ਫਾਰ ਸਪੈਸ਼ਲ ਅਸਿਸਟੈਂਸ ਟੂ ਸਟੇਟਸ ਫਾਰ ਕੈਪੀਟਲ ਇਨਵੈਸਟਮੈਂਟ ਫਾਰ 2022-23" ਤਹਿਤ ਭਾਰਤ ਸਰਕਾਰ ਤੋਂ ਲੱਗਭੱਗ 1,446 ਕਰੋੜ ਰੁਪਏ ਦਾ ਪੰਜਾਹ ਸਾਲ ਦਾ ਵਿਆਜ ਮੁਕਤ ਕਰਜ਼ਾ ਵੀ ਪ੍ਰਾਪਤ ਕਰਨ ਦੀ ਪਾਤਰਤਾ ਪ੍ਰਾਪਤ ਹੋਵੇਗੀ।

---

ਰਾਜਪਾਲ ਨੇ ਭਾਰਤ ਦੇ ਸੰਵਿਧਾਨ ਦੇ ਅਨੁੱਛੇਦ 207 ਦੀਆਂ ਕਲਾਜਾਂ (1) ਅਤੇ (3) ਦੀ ਪੈਰਵੀ ਵਿਚ, ਪੰਜਾਬ ਵਿਧਾਨ ਸਭਾ ਨੂੰ ਇਸ ਬਿਲ ਦੇ ਪੇਸ਼ ਕੀਤੇ ਜਾਣ ਅਤੇ ਇਸ ਤੇ ਵਿਚਾਰ ਕਰਨ ਦੀ ਸਿਫਾਰਸ਼ ਕੀਤੀ ਹੈ।

---

**ਚੰਡੀਗੜ੍ਹ**
**30 ਜੂਨ, 2022**

**ਸੁਰਿੰਦਰ ਪਾਲ**
**ਸਕੱਤਰ।**

---

**ਵਿ.ਨੋ. - ਉਪਰੋਕਤ ਬਿਲ ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ 121 ਦੀ ਸ਼ਰਤੀ-ਧਾਰਾ ਅਧੀਨ ਪੰਜਾਬ ਸਰਕਾਰ ਗਜ਼ਟ (ਅਸਾਧਾਰਨ) ਮਿਤੀ 30 ਜੂਨ, 2022 ਵਿੱਚ ਪ੍ਰਕਾਸ਼ਿਤ ਕੀਤਾ ਗਿਆ ।**